# ਆਮ (ਜਨਰਲ) ਐਨੱਸਥੀਜ਼ੀਆ

## ਨੌਜਵਾਨਾਂ ਲਈ ਇੱਕ ਗਾਈਡ

## ਆਮ ਐਨੱਸਥੀਜ਼ੀਆ (ਬੇਹੋਸ਼ ਕਰਨ ਵਾਲੀ ਦਵਾਈ)

ਆਮ ਐਨੱਸਥੀਜ਼ੀਆ ਉਦੋਂ ਹੁੰਦਾ ਹੈ ਜਦੋਂ ਤੁਹਾਡਾ ਐਨੱਸਥੀਟਿਸਟ ਇੱਕ ਦਵਾਈ (ਜਾਂ ਕਈ ਵਾਰ ਬੇਹੋਸ਼ ਕਰਨ ਵਾਲੀ ਗੈਸ) ਦੀ ਵਰਤੋਂ ਕਰਦਾ ਹੈ ਜੋ ਇੱਕ ਡੂੰਘੀ ਨੀਂਦ ਵਰਗੀ ਅਵਸਥਾ ਪ੍ਰਦਾਨ ਕਰਦਾ ਹੈ, ਜਿਸ ਦੌਰਾਨ ਤੁਸੀਂ ਕੁਝ ਵੀ ਨਹੀਂ ਦੇਖ ਸਕਦੇ, ਸੁਣ ਨਹੀਂ ਸਕਦੇ ਜਾਂ ਮਹਿਸੂਸ ਨਹੀਂ ਕਰ ਸਕਦੇ। ਇਸਦਾ ਮਤਲਬ ਹੈ ਕਿ ਤੁਸੀਂ ਬੇਹੋਸ਼ ਹੋ ਅਤੇ ਤੁਸੀਂ ਉਦੋਂ ਤੱਕ ਜਾਗ ਨਹੀਂ ਸਕਦੇ ਜਦੋਂ ਤੱਕ ਬੇਹੋਸ਼ੀ ਦੀ ਦਵਾਈ ਦਾ ਪ੍ਰਭਾਵ ਖਤਮ ਨਹੀਂ ਹੁੰਦਾ। ਆਪਰੇਸ਼ਨ ਅਤੇ ਕੁਝ ਮੈਡੀਕਲ ਟੈਸਟਾਂ ਸਮੇਤ ਕਈ ਪ੍ਰਕਿਰਿਆਵਾਂ ਲਈ ਆਮ ਐਨੱਸਥੀਜ਼ੀਆ ਦੀ ਵਰਤੋਂ ਕਰਨਾ ਜ਼ਰੂਰੀ ਹੁੰਦਾ ਹੈ।

## ਐਨੱਸਥੀਜ਼ੀਆ ਦੀ ਟੀਮ

ਐਨੱਸਥੀਟਿਸਟ ਉਹ ਡਾਕਟਰ ਹੁੰਦੇ ਹਨ ਜਿਨ੍ਹਾਂ ਨੇ ਸਰਜਰੀ ਅਤੇ/ਜਾਂ ਟੈਸਟਾਂ ਦੌਰਾਨ ਲੋਕਾਂ ਨੂੰ ਆਰਾਮਦਾਇਕ ਅਤੇ ਸੁਰੱਖਿਅਤ ਰੱਖਣ ਲਈ ਐਨੱਸਥੈਟਿਕ ਦਵਾਈਆਂ ਦੀ ਵਰਤੋਂ ਕਰਨ ਲਈ ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ ਹੁੰਦੀ ਹੈ। ਤੁਸੀਂ ਅਤੇ ਤੁਹਾਡੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਤੁਹਾਡੀ ਪ੍ਰਕਿਰਿਆ ਤੋਂ ਪਹਿਲਾਂ ਇੱਕ ਐਨੱਸਥੀਟਿਸਟ ਨਾਲ ਮੁਲਾਕਾਤ ਕਰਨਗੇ। ਉਹ ਤੁਹਾਡੇ ਐਨੱਸਥੈਟਿਕ ਅਤੇ ਪ੍ਰਕਿਰਿਆ ਦੇ ਬਾਅਦ ਦਰਦ ਤੋਂ ਰਾਹਤ ਲਈ ਤੁਹਾਡੇ ਨਾਲ ਇੱਕ ਯੋਜਨਾ ਲਈ ਰਾਜ਼ੀ ਹੋਣਗੇ। ਉਹਨਾਂ ਨੂੰ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਵਿੱਚ ਖੁਸ਼ੀ ਮਹਿਸੂਸ ਹੋਵੇਗੀ। ਹੋਰ ਸਟਾਫ ਮੈਂਬਰ ਜਿਵੇਂ ਐਨੱਸਥੀਜ਼ੀਆ ਸਹਿਯੋਗੀ, ਆਪ੍ਰੇਟਿੰਗ ਡਿਪਾਰਟਮੈਂਟ ਪ੍ਰੈਕਟੀਸ਼ਨਰ (ਕਈ ਵਾਰ ਓ ਡੀ ਪੀ ਵੀ ਕਿਹਾ ਜਾਂਦਾ ਹੈ) ਅਤੇ ਥੀਏਟਰ ਨਰਸਾਂ ਸਮੇਤ ਐਨੱਸਥੀਟਿਸਟ ਦਾ ਆਪਰੇਸ਼ਨ ਜਾਂ ਟੈਸਟ ਦੌਰਾਨ ਸਹਿਯੋਗ ਕਰਨਗੇ।

ਪ੍ਰਕਿਰਿਆ ਤੋਂ ਕੁਝ ਹਫ਼ਤੇ ਜਾਂ ਦਿਨ ਪਹਿਲਾਂ ਤੁਹਾਨੂੰ ਪ੍ਰੀ-ਓਪਰੇਟਿਵ ਅਸੈਸਮੈਂਟ ਕਲੀਨਿਕ ਵਿੱਚ ਵੀ ਬੁਲਾਇਆ ਜਾ ਸਕਦਾ ਹੈ। ਇੱਥੇ ਇੱਕ ਨਰਸ ਤੁਹਾਡੀ ਸਿਹਤ ਬਾਰੇ ਸਵਾਲ ਪੁੱਛੇਗੀ ਅਤੇ ਲੋੜੀਂਦੇ ਟੈਸਟਾਂ ਦਾ ਪ੍ਰਬੰਧ ਕਰੇਗੀ। ਇਹ ਕੋਈ ਵੀ ਸਵਾਲ ਪੁੱਛਣ ਦਾ ਇੱਕ ਹੋਰ ਮੌਕਾ ਹੈ ਜੋ ਤੁਹਾਡੇ ਅਤੇ ਤੁਹਾਡੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਦੇ ਹੋ ਸਕਦੇ ਹਨ।

## ਸਹਿਮਤੀ

ਤੁਹਾਡੀ ਦੇਖਭਾਲ ਲਈ ਇੱਕ ਯੋਜਨਾ ਨਾਲ ਰਾਜ਼ੀ ਹੋਣ ਲਈ ਐਨੱਸਥੀਟਿਸਟ ਤੁਹਾਡੇ ਅਤੇ ਤੁਹਾਡੇ ਮਾਤਾ_ਪਿਤਾ/ ਦੇਖਭਾਲਕਰਤਾ ਨਾਲ ਮਿਲ ਕੇ ਕੰਮ ਕਰੇਗਾ। ਤੁਹਾਡੇ ਨਾਲ ਉਦੋਂ ਤੱਕ ਕੁਝ ਨਹੀਂ ਹੋਵੇਗਾ ਜਦੋਂ ਤੱਕ ਤੁਸੀਂ ਯੋਜਨਾ 'ਤੇ ਚਰਚਾ ਨਾ ਕਰ ਲਵੋ ਅਤੇ ਰਾਜ਼ੀ ਨਾ ਹੋ ਜਾਵੋ।। ਤੁਸੀਂ ਜਿੰਨੇ ਮਰਜ਼ੀ ਸਵਾਲ ਪੁੱਛ ਸਕਦੇ ਹੋ ਤਾਂ ਜੋ ਤੁਸੀਂ ਸਭ ਕੁਝ ਸਮਝ ਸਕੋ ਜੋ ਹੋ ਰਿਹਾ ਹੈ ਅਤੇ ਯੋਜਨਾ ਲਈ 'ਸਹਿਮਤ' (ਰਾਜ਼ੀ) ਹੋਵੋ। ਜਦੋਂ ਤੁਸੀਂ ਪ੍ਰਸਤਾਵਿਤ ਐਨੱਸਥੈਟਿਕ ਦੇਖਭਾਲ ਤੋਂ ਸੰਤੁਸ਼ਟ ਹੋ ਜਾਂਦੇ ਹੋ, ਤਾਂ ਜਾਂ ਤਾਂ ਤੁਹਾਨੂੰ ਜਾਂ ਤੁਹਾਡੇ

ਮਾਤਾ_ਪਿਤਾ/ ਦੇਖਭਾਲਕਰਤਾ ਨੂੰ ਸਹਿਮਤੀ ਦਸਤਾਵੇਜ਼ 'ਤੇ ਦਸਤਖਤ ਕਰਨੇ ਪੈਣਗੇ। ਜੇ ਤੁਸੀਂ ਆਪਣੇ ਖੁਦ ਦੇ ਸਹਿਮਤੀ ਫ਼ਾਰਮ 'ਤੇ ਦਸਤਖਤ ਕਰਨ ਦੇ ਯੋਗ ਨਹੀਂ ਹੋ, ਤਾਂ ਤੁਹਾਡੇ ਮਾਤਾ_ਪਿਤਾ/ ਦੇਖਭਾਲਕਰਤਾ ਨੂੰ ਤੁਹਾਡੀ ਸਰਜਰੀ ਲਈ ਸਹਿਮਤੀ ਫ਼ਾਰਮ 'ਤੇ ਦਸਤਖਤ ਕਰਨੇ ਪੈਣਗੇ। ਜਿਵੇਂ_ਜਿਵੇਂ ਤੁਸੀਂ ਵੱਡੇ ਹੋ ਜਾਂਦੇ ਹੋ, ਤੁਸੀਂ ਇਹਨਾਂ ਫੈਸਲਿਆਂ ਵਿੱਚ ਵਧੇਰੇ ਬੋਲਣ ਦੇ ਯੋਗ ਹੋਵੋਗੇ।

ਤੁਸੀਂ ਹੇਠਾਂ ਬੱਚਿਆਂ ਅਤੇ ਨੌਜਵਾਨਾਂ ਲਈ ਸਹਿਮਤੀ ਬਾਰੇ ਹੋਰ ਪੜ੍ਹ ਸਕਦੇ ਹੋ:
ਇੰਗਲੈਂਡ: https://bit.ly/NHS-consent
ਸਕਾਟਲੈਂਡ: https://bit.ly/NHSinform-consent.

# ਐਨੱਸਥੈਟਿਕ ਲਈ ਤਿਆਰੀ

## ਤੁਹਾਡੀ ਸਿਹਤ

- ਤੁਹਾਨੂੰ ਐਨੱਸਥੈਟਿਕ ਦੇਣ ਤੋਂ ਪਹਿਲਾਂ ਜਿੰਨਾ ਸੰਭਵ ਹੋ ਸਕੇ ਸਿਹਤਮੰਦ ਹੋਣ ਦੀ ਲੋੜ ਹੁੰਦੀ ਹੈ। ਐਨੱਸਥੈਟਿਕ ਦੇਣ ਤੋਂ ਪਹਿਲਾਂ ਜੀਵਨ ਸ਼ੈਲੀ ਵਿੱਚ ਸਿਹਤਮੰਦ ਬਦਲਾਵ ਕਰਨ ਨਾਲ ਤੁਹਾਨੂੰ ਜਲਦੀ ਠੀਕ ਹੋਣ ਵਿੱਚ ਮਦਦ ਮਿਲੇਗੀ।
- ਜੇ ਤੁਸੀਂ ਕਰ ਸਕਦੇ ਹੋ, ਤਾਂ ਆਪਣੇ ਆਪਰੇਸ਼ਨ ਤੋਂ ਛੇ ਹਫ਼ਤੇ ਪਹਿਲਾਂ ਦੂਜੇ ਲੋਕਾਂ ਦੇ ਸਿਗਰਟ ਦੇ ਧੂੰਏਂ ਜਾਂ ਵੇਪ ਵਿੱਚ ਸਾਹ ਲੈਣ ਤੋਂ ਬਚਣ ਦੀ ਕੋਸ਼ਿਸ਼ ਕਰੋ। ਇਹ ਵੀ ਮਹੱਤਵਪੂਰਨ ਹੈ ਕਿ ਤੁਸੀਂ ਆਪ ਸਿਗਰਟ ਨਾ ਪੀਓ ਜਾਂ ਵੇਪ ਨਾ ਕਰੋ। ਮੁਮਕਿਨ ਹੋਵੇ ਤਾਂ ਜੇ ਕੋਈ ਸਿਗਰਟ ਪੀਣ ਜਾਂ ਵੇਪ ਕਰਨ ਵਾਲਾ ਵਿਅਕਤੀ ਤੁਹਾਡੇ ਨਾਲ ਰਹਿੰਦਾ ਹੈ ਤਾ ਉਨਾ ਦੇ ਨਾਲ ਵਿਚਾਰ ਕਰਕੇ ਕਹੋ ਕਿ ਇਸ ਸਮੇਂ ਦੌਰਾਨ ਉਹ ਬਾਹਰ ਜਾਕੇ ਧੁਆ ਕਰਨ | ਸਰਜਰੀ ਤੋਂ ਥੋੜ੍ਹੀ ਦੇਰ ਪਹਿਲਾਂ ਇਸ ਨੂੰ ਛੱਡਣਾ ਜਾਂ ਘਟਾਉਣਾ ਤੁਹਾਡੇ ਹਸਪਤਾਲ ਵਿੱਚ ਰਹਿਣ ਦੇ ਸਮੇਂ ਨੂੰ ਘਟਾ ਸਕਦਾ ਹੈ ਅਤੇ ਜ਼ਖਮ ਦੇ ਇਲਾਜ ਅਤੇ ਫੇਫੜਿਆਂ ਦੇ ਕੰਮਕਾਜ ਵਿੱਚ ਸੁਧਾਰ ਕਰ ਸਕਦਾ ਹੈ।
- ਸਰਜਰੀ ਤੋਂ ਪਹਿਲਾਂ ਦੇ ਦਿਨਾਂ ਅਤੇ ਹਫ਼ਤਿਆਂ ਵਿੱਚ ਤੁਹਾਨੂੰ ਸ਼ਰਾਬ ਨਹੀਂ ਪੀਣੀ ਚਾਹੀਦੀ। ਬਹੁਤ ਜ਼ਿਆਦਾ ਸ਼ਰਾਬ ਤੁਹਾਡੇ ਜਿਗਰ ਨੂੰ ਸਹੀ ਢੰਗ ਨਾਲ ਕੰਮ ਨਹੀਂ ਕਰਨ ਦਿੰਦੀ ਅਤੇ ਤੁਹਾਡੇ ਇਲਾਜ ਅਤੇ ਰਿਕਵਰੀ ਨੂੰ ਹੌਲੀ ਕਰ ਸਕਦੀ ਹੈ।
- ਤੁਹਾਡੀ ਆਪਣੀ ਸੁਰੱਖਿਆ ਲਈ, ਤੁਹਾਡੇ ਐਨੱਸਥੀਟਿਸਟ ਨੂੰ ਇਹ ਜਾਣਨ ਦੀ ਲੋੜ ਹੁੰਦੀ ਹੈ, ਕੀ ਤੁਸੀਂ ਗਰਭ ਨਿਰੋਧਕ ਗੋਲੀ ਲੈ ਰਹੇ ਹੋ ਜਾਂ ਨਹੀਂ ਜਾਂ ਕੋਈ ਮਨੋਰੰਜਕ ਨਸ਼ੇ ਜਾਂ ਕਿਸੇ ਵੀ ਕਿਸਮ ਦੇ ਸਪਲਿਮੈਂਟ ਲੈ ਰਹੇ ਹੋ ਜਾਂ ਨਹੀਂ।
- ਜਦੋਂ ਐਨੱਸਥੀਟਿਸਟ ਤੁਹਾਨੂੰ ਸਿਗਰਟਨੋਸ਼ੀ, ਸ਼ਰਾਬ ਪੀਣ ਅਤੇ ਨਸ਼ੇ ਲੈਣ ਬਾਰੇ ਸਵਾਲ ਪੁੱਛਦਾ ਹੈ, ਤਾਂ ਕਿਰਪਾ ਕਰਕੇ ਇਮਾਨਦਾਰੀ ਨਾਲ ਜਵਾਬ ਦਿਓ। ਅਸੀਂ ਜਾਣਦੇ ਹਾਂ ਕਿ ਇਹਨਾਂ ਮੁੱਦਿਆਂ 'ਤੇ ਚਰਚਾ ਕਰਨਾ ਅਜੀਬ ਹੋ ਸਕਦਾ ਹੈ, ਇਸ ਲਈ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਮਾਤਾ-ਪਿਤਾ / ਦੇਖਭਾਲਕਰਤਾ ਮੌਜੂਦ ਨਾ ਹੋਣ, ਤਾਂ ਤੁਸੀਂ ਇਕੱਲੇ ਐਨੱਸਥੀਟਿਸਟ ਨਾਲ ਗੱਲ ਕਰਨ ਦੀ ਬੇਨਤੀ ਕਰ ਸਕਦੇ ਹੋ। ਇਮਾਨਦਾਰ ਹੋਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਮੁਸੀਬਤ ਵਿੱਚ ਪੈ ਜਾਓਗੇ!
- ਜੇ ਤੁਸੀਂ ਸਰਜਰੀ ਕਰਵਾ ਰਹੇ ਹੋ, ਤਾਂ ਤੁਹਾਨੂੰ ਆਪਣੀ ਖੁਰਾਕ ਅਤੇ ਤੁਹਾਡੇ ਤੰਦਰੁਸਤੀ ਦੇ ਪੱਧਰਾਂ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਆਪਰੇਸ਼ਨ ਦੀ ਉਡੀਕ ਦੇ ਸਮੇਂ ਦੀ ਵਰਤੋਂ ਤੁਸੀਂ ਆਪਣੇ ਆਪ ਨੂੰ ਸਭ ਤੋਂ ਵਧੀਆ ਰੂਪ ਵਿੱਚ ਆਉਣ ਲਈ ਕਰ ਸਕਦੇ ਹੋ, ਤਾਂ ਜੋ ਤੁਸੀਂ ਜਲਦੀ ਠੀਕ ਹੋ ਸਕੋ ਅਤੇ ਆਪਣੀ ਆਮ ਜ਼ਿੰਦਗੀ ਵਿੱਚ ਜਲਦੀ ਵਾਪਸ ਜਾ ਸਕੋ। ਤੁਸੀਂ ਸਾਡੀ ਵੈੱਬਸਾਈਟ 'ਤੇ ਸਰਜਰੀ ਦੀ ਤਿਆਰੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਜੋ ਕਿ ਇੱਥੇ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ: www.rcoa.ac.uk/patientinfo/translations#languages.
- ਜੇ ਤੁਸੀਂ ਲੰਮੇ ਸਮੇਂ ਤੱਕ ਚੱਲਣ ਵਾਲੀ ਡਾਕਟਰੀ ਸਮੱਸਿਆਵਾਂ ਤੋਂ ਪੀੜਤ ਹੋ ਜੋ ਚੰਗੀ ਤਰ੍ਹਾਂ ਨਿਯੰਤਰਿਤ ਨਹੀਂ ਹਨ, ਤਾਂ ਤੁਹਾਨੂੰ ਜਾਂ ਤੁਹਾਡੇ ਮਾਤਾ-ਪਿਤਾ/ਦੇਖਭਾਲਕਰਤਾ ਨੂੰ ਤੁਹਾਡੀ ਸਰਜਰੀ ਦੀ ਤਰੀਕ਼ ਤੋਂ ਪਹਿਲਾਂ ਤੁਹਾਡੇ ਜੀ.ਪੀ. ਜਾਂ ਮਾਹਰ ਨਾਲ

ਸੰਪਰਕ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਦੱਸਣਾ ਚਾਹੀਦਾ ਹੈ ਕਿ ਤੁਹਾਨੂੰ ਐਨੱਸਥੈਟਿਕ ਲੈਣੀ ਪੈਣੀ ਹੈ। ਫਿਰ ਤੁਸੀਂ ਉਹਨਾਂ ਨਾਲ ਇਸ ਬਾਰੇ ਗੱਲ ਕਰ ਸਕਦੇ ਹੋ ਕਿ ਹਸਪਤਾਲ ਵਿੱਚ ਤੁਹਾਡੇ ਸਮੇਂ ਦੌਰਾਨ ਸੁਰੱਖਿਅਤ ਰਹਿਣ ਲਈ ਜਿੰਨਾ ਸੰਭਵ ਹੋ ਸਕੇ ਤੁਹਾਨੂੰ ਅਤੇ ਤੁਹਾਡੇ ਅਨੱਸਥੀਸਿਸਟ ਨੂੰ ਕਿਹੜੇ ਕਦਮ ਚੁੱਕਣ ਦੀ ਲੋੜ ਹੈ।

- ਆਪਣੀਆਂ ਦਵਾਈਆਂ ਜੋ ਤੁਸੀਂ ਨਿਯਮਤ ਤੌਰ 'ਤੇ ਲੈਂਦੇ ਹੋ, ਹਸਪਤਾਲ ਲੈ ਕੇ ਆਓ। ਹਸਪਤਾਲ ਦਾ ਸਟਾਫ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕੋਈ ਦਵਾਈ ਲੈਣਾ ਬੰਦ ਕਰਨ ਦੀ ਲੋੜ ਹੈ ਜਾਂ ਨਹੀਂ।
- ਜੇ ਸੰਭਵ ਹੋਵੇ, ਤਾਂ ਕਿਸੇ ਵੀ ਐਲਰਜੀ ਜਾਂ ਪਰਿਵਾਰ ਦੇ ਕਿਸੇ ਵੀ ਮੈਂਬਰ ਬਾਰੇ ਜਾਣਕਾਰੀ ਲੱਭੋ ਜਿਨ੍ਹਾਂ ਨੂੰ ਐਨੱਸਥੈਟਿਕਸ ਤੋਂ ਕੋਈ ਐਲਰਜੀ ਪ੍ਰਤੀਕਿਰਿਆ ਹੋਈ ਹੈ, ਤਾਂ ਜੋ ਤੁਸੀਂ ਆਪਣੇ ਐਨੱਸਥੀਟਿਸਟ ਨੂੰ ਦੱਸ ਸਕੋ।
- ਮਾਹਵਾਰੀ ਸ਼ੁਰੂ ਹੋਣ ਵਾਲੀ ਜਾਂ 12 ਸਾਲ ਤੋਂ ਵੱਧ ਉਮਰ ਦੀ ਕਿਸੇ ਵੀ ਲੜਕੀ ਲਈ ਪਿਸ਼ਾਬ ਦੇ ਨਮੂਨੇ ਦੀ ਜਾਂਚ ਕਰਕੇ ਗਰਭ ਅਵਸਥਾ ਦਾ ਟੈਸਟ ਕਰਨਾ ਆਮ ਗੱਲ ਹੈ। ਇਹ ਇਸ ਲਈ ਹੈ ਕਿਉਂਕਿ ਗਰਭ ਅਵਸਥਾ, ਇੱਥੋਂ ਤੱਕ ਕਿ ਸ਼ੁਰੂਆਤੀ ਗਰਭ ਅਵਸਥਾ, ਕੁਝ ਬੇਹੋਸ਼ ਕਰਨ ਵਾਲੀਆਂ ਦਵਾਈਆਂ ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਤ ਕਰ ਸਕਦੀ ਹੈ, ਇਸਲਈ ਐਨੱਸਥੀਟਿਸਟ ਨੂੰ ਇਸ ਬਾਰੇ ਜਾਣਨ ਦੀ ਜ਼ਰੂਰਤ ਹੁੰਦੀ ਹੈ। ਕੁਝ ਇਲਾਜ ਅਤੇ ਟੈਸਟ ਅਣਜੰਮੇ ਬੱਚੇ ਨੂੰ ਵੀ ਨੁਕਸਾਨ ਪਹੁੰਚਾ ਸਕਦੇ ਹਨ। ਡਾਕਟਰ ਅਤੇ ਨਰਸਾਂ ਸਮਝਦੀਆਂ ਹਨ ਕਿ ਇਹ ਚਰਚਾ ਕਰਨ ਲਈ ਇੱਕ ਸੰਵੇਦਨਸ਼ੀਲ ਮੁੱਦਾ ਹੋ ਸਕਦਾ ਹੈ, ਇਸਲਈ ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਨਿਰਪੱਖ ਤਰੀਕਾ ਹੈ ਹਰੇਕ ਦੀ ਜਾਂਚ ਕਰਨਾ। ਹਸਪਤਾਲ ਦੇ ਸਟਾਫ ਨੂੰ ਇਹ ਟੈਸਟ ਬਹੁਤ ਜਲਦੀ ਅਤੇ ਬਹੁਤ ਹੀ ਸਮਝਦਾਰੀ ਨਾਲ ਕਰਨ ਦੀ ਆਦਤ ਹੈ।

ਹੋਰ ਜਾਣਕਾਰੀ ਇੱਥੇ ਲੱਭੀ ਜਾ ਸਕਦੀ ਹੈ:
https://flipbooks.leedsth.nhs.uk/LN005583.pdf.

## ਐਨੱਸਥੈਟਿਕ (ਬੇਹੋਸ਼ ਕਰਨ) ਤੋਂ ਪਹਿਲਾਂ ਖਾਣਾ ਅਤੇ ਪੀਣਾ

- ਹਸਪਤਾਲ ਨੂੰ ਤੁਹਾਨੂੰ ਇਸ ਬਾਰੇ ਸਪੱਸ਼ਟ ਹਿਦਾਇਤਾਂ ਦੇਣੀਆਂ ਚਾਹੀਦੀਆਂ ਹਨ ਕਿ ਤੁਹਾਨੂੰ ਆਪਣੀ ਪ੍ਰਕਿਰਿਆ ਤੋਂ ਪਹਿਲਾਂ ਕਦੋਂ ਖਾਣਾ ਅਤੇ ਪੀਣਾ ਬੰਦ ਕਰਨਾ ਚਾਹੀਦਾ ਹੈ।
- ਆਪਣੀ ਸੁਰੱਖਿਆ ਲਈ ਤੁਹਾਡਾ ਇਹਨਾਂ ਹਿਦਾਇਤਾਂ ਨੂੰ ਮੰਨਣਾ ਜ਼ਰੂਰੀ ਹੈ। ਜੇ ਤੁਹਾਡੀ ਐਨੱਸਥੈਟਿਕ (ਬੇਹੋਸ਼ ਕਰਨ) ਦੇ ਦੌਰਾਨ ਤੁਹਾਡੇ ਪੇਟ ਵਿੱਚ ਭੋਜਨ ਜਾਂ ਬਹੁਤ ਜ਼ਿਆਦਾ ਤਰਲ ਪਦਾਰਥ ਹੁੰਦਾ ਹੈ, ਤਾਂ ਇਹ ਤੁਹਾਡੇ ਗਲੇ ਦੇ ਪਿਛਲੇ ਹਿੱਸੇ ਵਿੱਚ ਆ ਸਕਦਾ ਹੈ ਅਤੇ ਫਿਰ ਤੁਹਾਡੇ ਫੇਫੜਿਆਂ ਵਿੱਚ ਜਾ ਸਕਦਾ ਹੈ। ਇਸ ਨਾਲ ਦਮ ਘੁੱਟ ਸਕਦਾ ਹੈ ਜਾਂ ਤੁਹਾਡੇ ਫੇਫੜਿਆਂ ਨੂੰ ਗੰਭੀਰ ਨੁਕਸਾਨ ਹੋ ਸਕਦਾ ਹੈ। ਤੁਹਾਨੂੰ ਆਮ ਤੌਰ 'ਤੇ ਘੱਟ ਮਾਤਰਾ ਵਿੱਚ ਸਾਫ਼ ਤਰਲ (ਆਮ ਤੌਰ 'ਤੇ ਪਾਣੀ ਜਾਂ ਪਤਲਾ ਸਕੁਐਸ਼) ਲੈਣ ਲਈ ਉਤਸ਼ਾਹਿਤ ਕੀਤਾ ਜਾਵੇਗਾ - ਇਹ ਤੁਹਾਨੂੰ ਐਨੱਸਥੈਟਿਕ ਦੇਣ (ਬੇਹੋਸ਼ ਕਰਨ) ਦੇ ਸਮੇਂ ਤੱਕ ਸੁਰੱਖਿਅਤ ਹੈ।

## ਕੱਪੜੇ

- ਢਿੱਲੇ ਅਤੇ ਆਰਾਮਦਾਇਕ ਕੱਪੜੇ ਪਹਿਨੋ ਜੋ ਬਾਅਦ ਵਿੱਚ ਧੋਣੇ ਆਸਾਨ ਹੋਣ। ਹਸਪਤਾਲ ਆਉਣ ਲਈ ਨਵੇਂ ਜਾਂ ਕੀਮਤੀ ਕੱਪੜੇ ਪਾਉਣ ਤੋਂ ਬਚੋ।
- ਉਹਨਾਂ ਨੂੰ ਪੁੱਛੋ, ਕੀ ਤੁਹਾਨੂੰ ਪਜਾਮਾ, ਚੱਪਲਾਂ ਅਤੇ/ਜਾਂ ਡਰੈਸਿੰਗ ਗਾਊਨ ਲਿਆਉਣ ਦੀ ਲੋੜ ਹੈ।
- ਘਰ ਜਾਣ ਵੇਲੇ ਪਾਉਣ ਲਈ ਕੁਝ ਵੱਖਰੇ ਕੱਪੜੇ ਨਾਲ ਲਿਆਓ।
- ਤੁਹਾਨੂੰ ਸ਼ਾਇਦ ਹਸਪਤਾਲ ਦਾ ਗਾਊਨ ਪਾਉਣ ਲਈ ਕਿਹਾ ਜਾ ਸਕਦਾ ਹੈ।

- ਆਮ ਤੌਰ 'ਤੇ ਜਦੋਂ ਤੁਸੀਂ ਥੀਏਟਰ ਵਿੱਚ ਜਾਂਦੇ ਹੋ, ਤਾਂ ਤੁਸੀਂ ਆਪਣੇ ਅੰਡਰਵੀਅਰ ਪਹਿਨੇ ਰੱਖ ਸਕਦੇ ਹੋ, ਜਿਸ ਵਿੱਚ ਬ੍ਰਾ ਵੀ ਸ਼ਾਮਲ ਹੈ ਜੇ ਇਸ ਵਿੱਚ ਮੈਟਲ ਅੰਡਰਵਾਇਰਿੰਗ ਨਹੀਂ ਹੈ, ਪਰ ਆਪਣੀ ਨਰਸ ਨਾਲ ਜਾਂਚ ਕਰੋ। ਕਦੇ-ਕਦਾਈਂ ਆਪਰੇਸ਼ਨ ਜਾਂ ਟੈਸਟ ਦੌਰਾਨ ਅੰਡਰਵੀਅਰ ਉਤਾਰਨ ਦੀ ਲੋੜ ਪੈ ਸਕਦੀ ਹੈ।
- ਕਦੇ-ਕਦਾਈਂ ਸਰਜਨ ਤੁਹਾਡੇ ਸਰਜੀਕਲ ਖੇਤਰ ਤੋਂ ਕੁਝ ਵਾਲ ਹਟਵਾਉਣ ਲਈ ਕਹਿ ਸਕਦਾ ਹੈ, ਪਰ ਉਹ ਆਮ ਤੌਰ 'ਤੇ ਤੁਹਾਨੂੰ ਪਹਿਲਾਂ ਹੀ ਦੱਸ ਦੇਣਗੇ ਕੀ ਅਜਿਹਾ ਹੋਵੇਗਾ ਜਾਂ ਨਹੀਂ।
- ਤੁਹਾਡੇ ਆਪਰੇਸ਼ਨ ਤੋਂ ਪਹਿਲਾਂ ਤੁਹਾਨੂੰ ਗੋਡਿਆਂ ਦੀ ਲੰਬਾਈ ਜਿੰਨੀ ਲਚਕੀਲੀਆਂ ਜੁਰਾਬਾਂ ਪਾਉਣ ਲਈ ਕਿਹਾ ਜਾ ਸਕਦਾ ਹੈ। ਇਹ ਖ਼ੂਨ ਦਾ ਗਤਲਾ ਰੋਕਣ ਲਈ ਤੁਹਾਡੀਆਂ ਲੱਤਾਂ ਦੇ ਆਲੇ-ਦੁਆਲੇ ਖ਼ੂਨ ਨੂੰ ਚੰਗੀ ਤਰ੍ਹਾਂ ਚੱਲਦੇ ਰਹਿਣ ਵਿੱਚ ਮਦਦ ਕਰਦੀਆਂ ਹਨ।

## ਗਹਿਣੇ ਅਤੇ ਮੇਕਅਪ

- ਜੇ ਸੰਭਵ ਹੋਵੇ, ਤਾਂ ਕਿਰਪਾ ਕਰਕੇ ਕਿਸੇ ਵੀ ਗਹਿਣੇ ਅਤੇ ਪਾਈਆਂ ਹੋਈਆਂ ਸਜਾਵਟੀ ਚੀਜ਼ਾਂ ਨੂੰ ਘਰ ਵਿੱਚ ਹੀ ਛੱਡ ਕੇ ਆਓ। ਜੇ ਤੁਸੀਂ ਆਪਣੇ ਗਹਿਣਿਆਂ ਨੂੰ ਨਹੀਂ ਹਟਾ ਸਕਦੇ ਹੋ, ਤਾਂ ਇਸ ਨੂੰ ਜਾਂ ਤੁਹਾਡੀ ਚਮੜੀ ਨੂੰ ਨੁਕਸਾਨ ਤੋਂ ਬਚਾਉਣ ਲਈ ਇਸਨੂੰ ਟੇਪ ਨਾਲ ਢੱਕਣਾ ਸੰਭਵ ਹੋਣਾ ਚਾਹੀਦਾ ਹੈ।
- ਕਿਰਪਾ ਕਰਕੇ ਮੇਕਅੱਪ, ਝੂਠੀਆਂ ਪਲਕਾਂ ਅਤੇ ਕਿਸੇ ਵੀ ਕਿਸਮ ਦੀ ਨਹੁੰ ਸਜਾਵਟ (ਝੂਠੇ ਨਹੁੰ, ਜੈੱਲ, ਐਕਰੀਲਿਕਸ, ਨੇਲ ਪਾਲਿਸ਼, ਆਦਿ) ਪਹਿਨਣ ਤੋਂ ਬਚੋ। ਜਦੋਂ ਤੁਸੀਂ ਸੌਂ ਰਹੇ ਹੁੰਦੇ ਹੋ ਤਾਂ ਝੂਠੀਆਂ ਪਲਕਾਂ ਤੁਹਾਡੀਆਂ ਅੱਖਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ ਅਤੇ ਨਹੁੰਆਂ ਦੀ ਸਜਾਵਟ ਨਿਗਰਾਨੀ ਉਪਕਰਣ ਨੂੰ ਸਹੀ ਢੰਗ ਨਾਲ ਕੰਮ ਕਰਨ ਤੋਂ ਰੋਕ ਸਕਦੀ ਹੈ। ਇਹਨਾਂ ਨੂੰ ਹਸਪਤਾਲ ਦੇ ਸਟਾਫ ਦੁਆਰਾ ਹਟਾਉਣ ਦੀ ਲੋੜ ਹੋ ਸਕਦੀ ਹੈ ਅਤੇ ਇਸ ਨਾਲ ਤੁਹਾਡੇ ਇਲਾਜ ਵਿੱਚ ਦੇਰੀ ਹੋ ਸਕਦੀ ਹੈ।

## ਖਾਲੀ ਸਮੇਂ ਦੀ ਵਰਤੋਂ

- ਤੁਹਾਨੂੰ ਅਕਸਰ ਉਡੀਕ ਕਰਨੀ ਪੈਂਦੀ ਹੈ।
- ਖਾਲੀ ਸਮੇਂ ਵਿੱਚ ਆਪਣੇ ਆਪ ਨੂੰ ਰੁਝਿਆ ਰੱਖਣ ਲਈ ਕੁਝ ਨਾਲ ਲਿਆਓ (ਜਿਵੇਂ ਕਿ ਕਿਤਾਬ, ਮੈਗਜ਼ੀਨ ਜਾਂ ਮੋਬਾਈਲ ਫ਼ੋਨ)। ਕਿਰਪਾ ਕਰਕੇ ਆਪਣੇ ਹੈੱਡਫੋਨ ਅਤੇ ਚਾਰਜਰਾਂ ਨੂੰ ਨਾਲ ਲਿਆਉਣਾ ਯਾਦ ਰੱਖੋ।
- ਕਿਰਪਾ ਕਰਕੇ ਯਾਦ ਰੱਖੋ ਕਿ ਇਸ ਉਡੀਕ ਸਮੇਂ ਦੌਰਾਨ ਤੁਸੀਂ ਸਿਗਰਟ ਨਾ ਪੀਓ ਜਾਂ ਗੰਮ ਨਾ ਚਬਾਓ, ਅਤੇ ਖਾਣ-ਪੀਣ ਬਾਰੇ ਦਿੱਤੀਆਂ ਹਿਦਾਇਤਾਂ ਦੀ ਧਿਆਨ ਪਾਲਣਾ ਕਰੋ।

# ਐਨੱਸਥੈਟਿਕ ਲੈਣਾ

- ਤੁਹਾਡਾ ਐਨੱਸਥੀਟਿਸਟ ਅਕਸਰ ਆਪਰੇਟਿੰਗ ਥੀਏਟਰ ਦੇ ਕੋਲ ਇੱਕ ਕਮਰੇ ਵਿੱਚ ਤੁਹਾਨੂੰ ਬੇਹੋਸ਼ ਕਰਨ ਦੀ ਸ਼ੁਰੂਆਤ ਕਰੇਗਾ, ਜਿਸਨੂੰ ਬੇਹੋਸ਼ ਕਰਨ ਵਾਲਾ ਕਮਰਾ ਕਿਹਾ ਜਾਂਦਾ ਹੈ। ਕਈ ਵਾਰ ਇਹ ਉਸ ਕਮਰੇ ਵਿੱਚ ਹੋ ਸਕਦਾ ਹੈ ਜਿੱਥੇ ਆਪਰੇਸ਼ਨ/ ਟੈਸਟ ਕੀਤਾ ਜਾਵੇਗਾ।
- ਤੁਹਾਡਾ ਐਨੱਸਥੀਟਿਸਟ ਆਮ ਤੌਰ 'ਤੇ ਤੁਹਾਨੂੰ ਕੈਨਿਊਲਾ ਰਾਹੀਂ ਕੁਝ ਦਵਾਈ ਦੇ ਕੇ ਤੁਹਾਨੂੰ ਬੇਹੋਸ਼ ਕਰਨ ਦੀ ਸ਼ੁਰੂਆਤ ਕਰੇਗਾ (ਇਸ ਬਾਰੇ ਹੋਰ ਜਾਣਕਾਰੀ ਲਈ ਹੇਠਾਂ ਦੇਖੋ)। ਆਮ ਤੌਰ 'ਤੇ ਅਜਿਹਾ ਘੱਟ ਹੀ ਹੁੰਦਾ ਹੈ ਕਿ ਉਹ ਤੁਹਾਨੂੰ ਅਜਿਹੀ ਗੈਸ ਵਿੱਚ ਸਾਹ ਲੈਣ ਲਈ ਕਹਿਣਗੇ ਜਿਸਦੀ ਗੰਧ ਥੋੜੀ ਜਿਹੀ ਫਿਲਟ-ਟਿਪ ਪੈਨ ਵਰਗੀ ਹੁੰਦੀ ਹੈ। ਤੁਹਾਡਾ ਐਨੱਸਥੀਟਿਸਟ ਤੁਹਾਡੇ ਅਤੇ ਤੁਹਾਡੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਨਾਲ ਤੁਹਾਡੇ ਲਈ ਸਭ ਤੋਂ ਵਧੀਆ ਢੰਗ ਬਾਰੇ ਚਰਚਾ ਕਰੇਗਾ।

- ਤੁਹਾਨੂੰ ਕੈਨਿਉਲਾ ਰਾਹੀਂ ਦਵਾਈ ਦੇਣਾ ਤੁਹਾਨੂੰ ਬੇਹੋਸ਼ ਕਰਨ ਦਾ ਸਭ ਤੋਂ ਤੇਜ਼ ਤਰੀਕਾ ਹੈ। ਜੇ ਤੁਸੀਂ ਗੈਸ ਨੂੰ ਸਾਹ ਰਾਹੀਂ ਅੰਦਰ ਲੈਂਦੇ ਹੋ, ਤਾਂ ਬੇਹੋਸ਼ ਹੋਣ 'ਤੇ ਤੁਹਾਨੂੰ ਕੈਨਿਉਲਾ ਲਗਾਈ ਜਾਵੇਗੀ, ਇਸ ਲਈ ਐਨੱਸਥੀਟਿਸਟ ਤੁਹਾਡੀ ਪ੍ਰਕਿਰਿਆ ਦੌਰਾਨ ਤੁਹਾਨੂੰ ਹੋਰ ਬੇਹੋਸ਼ ਕਰਨ ਵਾਲੀਆਂ ਦਵਾਈਆਂ, ਦਰਦ ਨਿਵਾਰਕ ਦਵਾਈਆਂ ਜਾਂ ਹੋਰ ਦਵਾਈਆਂ ਅਤੇ ਤਰਲ ਪਦਾਰਥ ਦੇ ਸਕਦਾ ਹੈ। ਕਿਸੇ ਵੀ ਤਰੀਕੇ ਕਰਕੇ ਤੁਹਾਨੂੰ ਬੇਹੋਸ਼ ਹੋਣ ਤੋਂ ਪਹਿਲਾਂ ਹਲਕਾ-ਸਿਰ ਚਕਰਾਉਣ ਜਿਹਾ ਮਹਿਸੂਸ ਹੋ ਸਕਦਾ ਹੈ।
- ਜੇ ਤੁਸੀਂ ਚਾਹੁੰਦੇ ਹੋ, ਤਾਂ ਤੁਹਾਡੇ ਮਾਤਾ-ਪਿਤਾ / ਦੇਖਭਾਲਕਰਤਾ ਤੁਹਾਡੇ ਬੇਹੋਸ਼ ਹੋਣ ਤੱਕ ਤੁਹਾਡੇ ਨਾਲ ਰਹਿ ਸਕਦੇ ਹਨ। ਉਸ ਤੋਂ ਬਾਅਦ, ਉਹ ਵੇਟਿੰਗ ਰੂਮ ਜਾਂ ਵਾਰਡ ਵਿੱਚ ਤੁਹਾਡਾ ਇੰਤਜ਼ਾਰ ਕਰ ਸਕਦੇ ਹਨ। ਵਿਕਲਪਕ ਤੌਰ 'ਤੇ, ਜਦੋਂ ਐਨੱਸਥੈਟਿਕ ਕੰਮ ਕਰਨਾ ਸ਼ੁਰੂ ਕਰ ਰਹੀ ਹੋਵੇ ਤਾਂ ਇੱਕ ਨਰਸ ਤੁਹਾਡੇ ਨਾਲ ਰਹੇਗੀ।

### ਕੈਨਿਉਲਾ

- ਕੈਨਿਉਲਾ ਇੱਕ ਪਤਲੀ, ਲਚਕੀਲੀ ਪਲਾਸਟਿਕ ਦੀ ਟਿਊਬ ਹੁੰਦੀ ਹੈ ਜੋ ਇੱਕ ਨਸ ਵਿੱਚ ਪਾਈ ਜਾਂਦੀ ਹੈ, ਆਮ ਤੌਰ 'ਤੇ ਤੁਹਾਡੇ ਹੱਥ ਦੇ ਪਿਛਲੇ ਪਾਸੇ।
- ਜਦੋਂ ਕੈਨਿਉਲਾ ਨੂੰ ਅੰਦਰ ਪਾਇਆ ਜਾਂਦਾ ਹੈ, ਤਾਂ ਤੁਹਾਡੀ ਕਿਸੇ ਵੀ ਬੇਅਰਾਮੀ ਨੂੰ ਘਟਾਉਣ ਲਈ ਤੁਹਾਡੇ ਹੱਥ ਦੇ ਪਿਛਲੇ ਹਿੱਸੇ ਲਈ ਇੱਕ ਸੁੰਨ ਕਰਨ ਵਾਲੀ ਕਰੀਮ ਜਾਂ ਇੱਕ ਵਿਸ਼ੇਸ਼ ਠੰਡੇ ਸਪਰੇਅ ਦੀ ਵਰਤੋਂ ਕੀਤੀ ਜਾ ਸਕਦੀ ਹੈ।
- ਕੈਨਿਉਲਾ ਨੂੰ ਪਾਉਣ ਲਈ ਇੱਕ ਬਰੀਕ ਸੂਈ ਦੀ ਵਰਤੋਂ ਕੀਤੀ ਜਾਂਦੀ ਹੈ, ਫਿਰ ਸੂਈ ਨੂੰ ਤੁਰੰਤ ਹਟਾ ਦਿੱਤਾ ਜਾਂਦਾ ਹੈ।
- ਇੱਕ ਵਾਰ ਕੈਨਿਉਲਾ ਪਾਉਣ ਤੋਂ ਬਾਅਦ, ਹੋਰ ਸੂਈਆਂ ਦੀ ਵਰਤੋਂ ਕੀਤੇ ਬਿਨਾਂ ਤੁਹਾਨੂੰ ਦਵਾਈਆਂ ਦਿੱਤੀਆਂ ਜਾ ਸਕਦੀਆਂ ਹਨ। ਕਈ ਵਾਰ ਇਸ ਨਾਲ ਥੋੜੀ ਜਿਹੀ ਠੰਢ, ਝਰਨਾਹਟ ਜਾਂ ਹਲਕੀ ਬੇਆਰਾਮੀ ਹੋ ਸਕਦੀ ਹੈ।
- ਜੇ ਤੁਹਾਨੂੰ ਬਾਅਦ ਵਿੱਚ ਦਰਦ ਨਿਵਾਰਕ ਦਵਾਈਆਂ, ਤਰਲ ਪਦਾਰਥਾਂ ਜਾਂ ਹੋਰ ਦਵਾਈਆਂ ਦੀ ਲੋੜ ਪੈਂਦੀ ਹੈ, ਤਾਂ ਆਮ ਤੌਰ 'ਤੇ ਆਪ੍ਰੇਸ਼ਨ ਤੋਂ ਬਾਅਦ ਤੁਹਾਡੀ ਕੈਨਿਉਲਾ ਉਵੇਂ ਹੀ ਲੱਗੀ ਰਹਿਣ ਦਿੱਤੀ ਜਾਂਦੀ ਹੈ।

## ਐਨੱਸਥੀਜ਼ੀਆ ਦੇ ਦੌਰਾਨ

- ਇੱਕ ਐਨੱਸਥੀਟਿਸਟ ਹਰ ਸਮੇਂ ਤੁਹਾਡੇ ਨਾਲ ਰਹੇਗਾ।
- ਐਨੱਸਥੀਟਿਸਟ ਦਾ ਕੰਮ ਤੁਹਾਨੂੰ ਸੁਰੱਖਿਅਤ ਰੱਖਣਾ ਅਤੇ ਆਪਰੇਸ਼ਨ ਖਤਮ ਹੋਣ ਤੱਕ ਤੁਹਾਨੂੰ ਬੇਹੋਸ਼ ਰੱਖਣ ਲਈ ਤੁਹਾਨੂੰ ਲੋੜੀਂਦੇ ਸਮੇਂ ਤੱਕ ਬੇਹੋਸ਼ ਕਰਨਾ ਅਤੇ ਦਰਦ ਤੋਂ ਰਾਹਤ ਦੇਣਾ ਹੈ।
- ਐਨੱਸਥੀਟਿਸਟ ਪੂਰੇ ਆਪਰੇਸ਼ਨ ਦੌਰਾਨ ਤੁਹਾਡੀ ਬਹੁਤ ਨੇੜਿਓਂ (ਜਿਵੇਂ ਕਿ ਤੁਹਾਡੇ ਬਲੱਡ ਪ੍ਰੈਸ਼ਰ, ਦਿਲ ਦੀ ਧੜਕਣ ਅਤੇ ਸਾਹ ਕਿਰਿਆ ਲੈਣ ਸਮੇਤ ਦੀ) ਨਿਗਰਾਨੀ ਕਰਦਾ ਹੈ।

## ਬਾਅਦ ਵਿੱਚ ਜਾਗਣਾ

- ਆਪਰੇਸ਼ਨ 'ਤੇ ਟੈਸਟਾਂ ਵਿੱਚ ਵੱਖ-ਵੱਖ ਸਮਾਂ ਲੱਗਦਾ ਹੈ, ਪਰ ਜਿਵੇਂ ਹੀ ਪ੍ਰਕਿਰਿਆ ਪੂਰੀ ਹੋ ਜਾਂਦੀ ਹੈ, ਐਨੱਸਥੀਟਿਸਟ ਤੁਹਾਨੂੰ ਬੇਹੋਸ਼ ਕਰਨ ਵਾਲੀਆਂ ਦਵਾਈਆਂ ਦੇਣਾ ਬੰਦ ਕਰ ਦੇਵੇਗਾ। ਇਸ ਨਾਲ ਤੁਸੀਂ ਲਗਭਗ ਪੰਜ ਮਿੰਟ ਬਾਅਦ ਜਾਗ ਜਾਵੋਗੇ।
- ਤੁਹਾਨੂੰ ਸ਼ਾਇਦ ਰਿਕਵਰੀ ਰੂਮ ਵਿੱਚ ਜਾਗ ਆਵੇ, ਪਰ ਹੋ ਸਕਦਾ ਹੈ ਕਿ ਤੁਹਾਨੂੰ ਪਹਿਲੇ ਕੁਝ ਮਿੰਟ ਕੁਝ ਯਾਦ ਨਾ ਹੋਵੇ ਜਾਂ ਇਹ ਅਹਿਸਾਸ ਨਾ ਹੋਵੇ ਕਿ ਤੁਸੀਂ ਕਿੱਥੇ ਹੋ। ਥੀਏਟਰ ਟੀਮ ਦਾ ਇੱਕ ਸਿਖਲਾਈ ਪ੍ਰਾਪਤ ਮੈਂਬਰ, ਆਮ ਤੌਰ 'ਤੇ ਇੱਕ ਰਿਕਵਰੀ ਨਰਸ, ਤੁਹਾਡੀ ਦੇਖਭਾਲ ਕਰੇਗੀ।

- ਤੁਸੀਂ ਬਾਅਦ ਵਿੱਚ ਕਿਵੇਂ ਮਹਿਸੂਸ ਕਰਦੇ ਹੋ ਇਹ ਤੁਹਾਡੀ ਪ੍ਰਕਿਰਿਆ ਦੀ ਕਿਸਮ ਅਤੇ ਐਨੱਸਥੈਟਿਕ 'ਤੇ ਨਿਰਭਰ ਕਰੇਗਾ। ਕੁਝ ਲੋਕਾਂ ਨੂੰ ਗਲੇ ਵਿੱਚ ਖਰਾਸ਼ ਜਾਂ ਖੁਸ਼ਕੀ ਜਾਂ ਸਿਰ ਦਰਦ ਹੋ ਸਕਦਾ ਹੈ, ਜਾਂ ਥੋੜੀ ਜਿਹੀ ਨੀਂਦ ਮਹਿਸੂਸ ਹੋ ਸਕਦੀ ਹੈ। ਤੁਹਾਡਾ ਐਨੱਸਥੀਟਿਸਟ ਆਮ ਤੌਰ 'ਤੇ ਤੁਹਾਨੂੰ ਬਿਮਾਰ ਮਹਿਸੂਸ ਕਰਨ ਜਾਂ ਬਿਮਾਰ ਹੋਣ ਤੋਂ ਰੋਕਣ ਲਈ ਦਵਾਈ ਦੇਵੇਗਾ, ਪਰ ਤੁਸੀਂ ਕੁਝ ਪੀਣ ਜਾਂ ਖਾਣ ਤੋਂ ਬਾਅਦ ਵੀ ਬਿਹਤਰ ਮਹਿਸੂਸ ਕਰੋਗੇ। ਕਈ ਵਾਰ ਤੁਹਾਨੂੰ ਥੋੜਾ ਜਿਹਾ ਠੰਡਾ ਜਾਂ ਕੰਬਣੀ ਮਹਿਸੂਸ ਹੋ ਸਕਦੀ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਗਰਮ ਕਰਨ ਲਈ ਇੱਕ ਕੰਬਲ ਦੀ ਪੇਸ਼ਕਸ਼ ਕੀਤੀ ਜਾਵੇਗੀ।

### ਦਰਦ ਤੋਂ ਰਾਹਤ

- ਦਰਦ ਨੂੰ ਰੋਕਣਾ ਅਤੇ ਇਸ ਦਾ ਇਲਾਜ ਕਰਨਾ ਜ਼ਰੂਰੀ ਹੈ,ਅਤੇ ਕੁਝ ਲੋਕਾਂ (ਅਤੇ ਕੁਝ ਕਿਸਮਾਂ ਦੇ ਆਪ੍ਰੇਸ਼ਨ ਵਿੱਚ) ਨੂੰ ਦੂਜਿਆਂ ਨਾਲੋਂ ਜ਼ਿਆਦਾ 'ਦਰਦ ਤੋਂ ਰਾਹਤ' ਦੀ ਲੋੜ ਹੁੰਦੀ ਹੈ।
- ਦਰਦ ਵਧਣ ਤੋਂ ਪਹਿਲਾਂ ਹੀ ਇਸ ਦਾ ਇਲਾਜ ਕਰਨਾ ਆਸਾਨ ਹੁੰਦਾ ਹੈ, ਇਸ ਲਈ ਦਰਦ ਦੇ ਵਿਗੜ ਜਾਣ ਤੱਕ ਉਡੀਕ ਕਰਨ ਦੀ ਬਜਾਏ, ਬੇਆਰਾਮੀ ਮਹਿਸੂਸ ਹੋਣਾ ਸ਼ੁਰੂ ਕਰਨ 'ਤੇ ਆਪਣੀ ਰਿਕਵਰੀ ਨਰਸ ਜਾਂ ਐਨੱਸਥੀਟਿਸਟ ਨੂੰ ਮਦਦ ਲਈ ਬੁਲਾਓ।

### ਵਾਰਡ ਵਿੱਚ ਵਾਪਸ ਆਉਣਾ

- ਪਹਿਲਾ ਤੁਹਾਨੂੰ ਬਹੁਤ ਥਕਾਨ ਮਹਿਸੂਸ ਹੋਵੇਗੀ।
- ਜੇ ਤੁਹਾਨੂੰ ਕੋਈ ਸਮੱਸਿਆ ਹੈ, ਤਾਂ ਕਿਸੇ ਨੂੰ ਇਸ ਬਾਰੇ ਦੱਸੋ ਤਾਂ ਜੋ ਉਹ ਤੁਹਾਡੀ ਮਦਦ ਕਰ ਸਕਣ। ਤੁਹਾਨੂੰ ਨਰਸ ਬੁਲਾਉਣ ਲਈ, ਬਜ਼ਰ ਦਬਾਉਣਾ ਪੈ ਸਕਦਾ ਹੈ ਜਾਂ ਆਪਣੇ ਮਾਤਾ-ਪਿਤਾ/ਦੇਖਭਾਲਕਰਤਾ ਨੂੰ ਕਹਿਣਾ ਪੈ ਸਕਦਾ ਹੈ।
- ਤੁਸੀਂ ਕਿੰਨੀ ਜਲਦੀ ਦੁਬਾਰਾ ਖਾ ਅਤੇ ਪੀ ਸਕਦੇ ਹੋ, ਇਹ ਤੁਹਾਡੀ ਪ੍ਰਕਿਰਿਆ ਦੀ ਕਿਸਮ ਅਤੇ ਦਰਦ ਨਿਵਾਰਕ ਦਵਾਈਆਂ 'ਤੇ ਨਿਰਭਰ ਕਰੇਗਾ। ਇਸ ਬਾਰੇ ਤੁਹਾਡੀ ਨਰਸ ਜਾਂ ਐਨੱਸਥੀਟਿਸਟ ਤੁਹਾਨੂੰ ਢੁੱਕਵੀਂ ਸਲਾਹ ਦੇਣਗੇ।
- ਤੁਸੀਂ ਉਦੋਂ ਤੱਕ ਹਸਪਤਾਲ ਵਿੱਚ ਰਹੋਗੇ ਜਦੋਂ ਤੱਕ ਤੁਹਾਡੇ ਲਈ ਘਰ ਜਾਣਾ ਸੁਰੱਖਿਅਤ ਨਹੀਂ ਹੁੰਦਾ ਹੈ। ਕਈ ਪ੍ਰਕਿਰਿਆਵਾਂ ਵਿੱਚ ਤੁਸੀਂ ਉਸੇ ਦਿਨ ਘਰ ਜਾ ਸਕਦੇ ਹੁੰਦੇ ਹੋ, ਬਸ਼ਰਤੇ ਤੁਸੀਂ ਆਮ ਤੌਰ 'ਤੇ ਸਿਹਤਮੰਦ ਹੋ ਅਤੇ ਪ੍ਰਕਿਰਿਆ ਬਹੁਤੀ ਪੇਚੀਦਾ ਨਾ ਹੋਵੇ।

## ਤੁਹਾਡੇ ਐਨੱਸਥੀਜ਼ੀਆ ਨਾਲ ਜੁੜੇ ਹੋਏ ਜੋਖਮ

ਆਧੁਨਿਕ ਐਨੱਸਥੈਟਿਕ ਦਵਾਈਆਂ (ਸਰਜਰੀ ਤੋਂ ਪਹਿਲਾਂ ਸੁੰਨ/ਬੇਹੋਸ਼ ਕਰਨ ਵਾਲੀਆਂ ਦਵਾਈਆਂ) ਬਹੁਤ ਸੁਰੱਖਿਅਤ ਹਨ। ਐਨੱਸਥੈਟਿਕ ਦਵਾਈਆਂ ਜਾਂ ਵਰਤੇ ਜਾਂਦੇ ਉਪਕਰਣਾਂ ਦੇ ਕੁਝ ਆਮ ਮਾੜੇ ਪ੍ਰਭਾਵ ਹੁੰਦੇ ਹਨ, ਜੋ ਕਿ ਅਕਸਰ ਗੰਭੀਰ ਜਾਂ ਲੰਮਾ ਚਿਰ ਰਹਿਣ ਵਾਲੇ ਨਹੀਂ ਹੁੰਦੇ। ਤੁਹਾਡਾ ਐਨੱਸਥੀਟਿਸਟ ਤੁਹਾਡੇ ਅਤੇ ਤੁਹਾਡੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਨਾਲ ਉਹਨਾਂ ਜੋਖਮਾਂ ਬਾਰੇ ਚਰਚਾ ਕਰੇਗਾ ਜੋ ਉਹ ਤੁਹਾਡੇ ਲਈ ਵਧੇਰੇ ਮਹੱਤਵਪੂਰਨ ਮੰਨਦੇ ਹਨ। ਤੁਸੀਂ ਐਨੱਸਥੀਜ਼ੀਆ ਨਾਲ ਜੁੜੇ ਜੋਖਮ ਬਾਰੇ ਹੋਰ ਵੇਰਵੇ ਸਾਡੀ ਵੈੱਬਸਾਈਟ 'ਤੇ ਪੜ੍ਹ ਸਕਦੇ ਹੋ, ਜਿੱਥੇ ਇਹ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹਨ:
www.rcoa.ac.uk/patientinfo/translations#languages।

## ਸਥਾਨਕ ਅਤੇ ਖੇਤਰੀ ਐਨੱਸਥੀਜ਼ੀਆ

- ਕਈ ਵਾਰ ਤੁਸੀਂ ਆਪਣੀ ਸਰਜਰੀ ਦੌਰਾਨ ਜਾਗਦੇ ਰਹਿਣ ਦੀ ਚੋਣ ਵੀ ਕਰ ਸਕਦੇ ਹੋ। ਜੇ ਅਜਿਹਾ ਹੋਣ ਦੀ ਸੰਭਾਵਣਾ ਹੈ, ਤਾਂ ਤੁਹਾਡਾ ਸਰਜਨ ਅਤੇ/ਜਾਂ ਐਨੱਸਥੀਟਿਸਟ ਇਸ ਬਾਰੇ ਤੁਹਾਡੇ ਅਤੇ ਤੁਹਾਡੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਨਾਲ ਚਰਚਾ

ਕਰੇਗਾ। ਉਸ ਸਥਿਤੀ ਵਿੱਚ, ਤੁਸੀਂ ਆਪਣੇ ਸਰੀਰ ਦੇ ਇੱਕ ਹਿੱਸੇ ਨੂੰ ਸੁੰਨ ਕਰਨ ਲਈ ਸਥਾਨਕ ਐਨੱਸਥੈਟਿਕ ਦੇ ਟੀਕੇ ਲਗਵਾ ਸਕਦੇ ਹੋ, ਤਾਂ ਜੋ ਤੁਹਾਨੂੰ ਉਸ ਥਾਂ ਦਰਦ ਨਾ ਹੋਵੇ।

- ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਜਾਗਦੇ ਰਹਿਣਾ ਪਸੰਦ ਕਰ ਸਕਦੇ ਹੋ, ਤਾਂ ਤੁਸੀਂ ਆਪਣੇ ਮੁਲਾਂਕਣ 'ਤੇ ਇਸ ਬਾਰੇ ਚਰਚਾ ਕਰ ਸਕਦੇ ਹੋ।

## ਜੇ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ

- ਤੁਸੀਂ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਸਾਡੀ ਵੈੱਬਸਾਈਟ ਤੋਂ ਜੋ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ: www.rcoa.ac.uk/patientinfo/translations#languages।

ਬੇਦਾਅਵਾ

ਇਸ ਪਰਚੇ ਵਿੱਚ ਜਾਣਕਾਰੀ ਨੂੰ ਦਰੁਸਤ ਅਤੇ ਅੱਪ ਟੂ ਡੇਟ ਰੱਖਣ ਲਈ ਅਸੀਂ ਪੂਰਾ ਯਤਨ ਕੀਤਾ ਹੈ, ਪਰ ਅਸੀਂ ਇਸ ਦੀ ਗਾਰੰਟੀ ਨਹੀਂ ਦੇ ਸਕਦੇ ਹਾਂ। ਤੁਹਾਡੇ ਸਾਰੇ ਸਵਾਲਾਂ ਜਾਂ ਤੁਹਾਡੇ ਲਈ ਮਹੱਤਵਪੂਰਨ ਗੱਲਾਂ ਨਾਲ ਨਿਪਟਣ ਲਈ ਅਸੀਂ ਇਸ ਆਮ ਜਾਣਕਾਰੀ ਦੇ ਪੂਰਾ ਹੋਣ ਦੀ ਉਮੀਦ ਨਹੀਂ ਕਰਦੇ ਹਾਂ। ਤੁਹਾਡੇ ਕੋਲ ਮੌਜੂਦ ਆਪਣੀਆਂ ਚੋਣਾਂ ਅਤੇ ਤੁਹਾਡੇ ਕਿਸੇ ਵੀ ਫ਼ਿਕਰ ਦੇ ਬਾਰੇ ਇਸ ਪਰਚੇ ਨੂੰ ਗਾਈਡ ਵਜੋਂ ਵਰਤ ਕੇ ਆਪਣੀ ਮੈਡੀਕਲ ਟੀਮ ਨਾਲ ਚਰਚਾ ਕਰਨੀ ਚਾਹੀਦੀ ਹੈ। ਇਹ ਪਰਚੇ ਨੂੰ ਸਲਾਹ ਵਜੋਂ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸ ਨੂੰ ਕਿਸੇ ਵੀ ਕਾਰੋਬਾਰੀ ਜਾਂ ਵਪਾਰਕ ਮਕਸਦ ਲਈ ਨਹੀਂ ਵਰਤਿਆ ਜਾ ਸਕਦਾ ਹੈ। ਪੂਰੇ ਬੇਦਾਵੇ ਲਈ ਕਿਰਪਾ ਕਰਕੇ ਇੱਥੇ ਕਲਿੱਕ ਕਰੋ। (www.rcoa.ac.uk/patient-information/translations/punjabi).

ਸਾਰੇ ਅਨੁਵਾਦ ਨੂੰ Translators without Borders ਦੀ ਅਨੁਵਾਦ ਕਮਿਊਨਟੀ ਵਲੋਂ ਕੀਤੇ ਗਏ ਹਨ। ਇਹਨਾਂ ਅਨੁਵਾਦ ਦੀ ਕੁਆਲਟੀ ਨੂੰ ਜਿੰਨਾ ਵੀ ਸੰਭਵ ਹੋਵੇ ਉਲੱਥੇ ਦੇ ਦਰੁਸਤ ਹੋਣ ਲਈ ਚੈਕ ਕੀਤਾ ਗਿਆ, ਪਰ ਫੇਰ ਕੁਝ ਜਾਣਕਾਰੀ ਦੇ ਅਸ਼ੁੱਧ ਜਾਂ ਗ਼ਲਤ ਵਿਆਖਿਆ ਹੋਣ ਦਾ ਖ਼ਤਰਾ ਹੈ।

# ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

ਇਸ ਪਰਚੇ ਨੂੰ ਹੋਰ ਬਿਹਤਰ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸਵਾਗਤ ਹੈ।

ਜੇ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਵਿਚਾਰ ਇਸ 'ਤੇ ਈਮੇਲ ਕਰੋ:
patientinformation@rcoa.ac.uk

**Royal College of Anaesthetists**
Churchill House, 35 Red Lion Square, London WC1R 4SG
020 7092 1500

## www.rcoa.ac.uk

ਚੌਥਾ ਐਡੀਸ਼ਨ, ਅਕਤੂਬਰ 2024

ਪ੍ਰਕਾਸ਼ਨ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਅੰਦਰ ਇਸ ਪਰਚੇ ਦੀ ਸਮੀਖਿਆ ਕੀਤੀ ਜਾਵੇਗੀ।

**© 2024 Royal College of Anaesthetists and Association of Paediatric Anaesthetists of Great Britain and Ireland**
ਇਸ ਪਰਚੇ ਦੀ ਨਕਲ ਮਰੀਜ਼ਾਂ ਲਈ ਜਾਣਕਾਰੀ ਸਮੱਗਰੀ ਤਿਆਰ ਕਰਨ ਦੇ ਉਦੇਸ਼ ਲਈ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਇਸ ਮੂਲ ਸਰੋਤ ਦਾ ਹਵਾਲਾ ਦਿਓ। ਜੇ ਤੁਸੀਂ ਹੋਰ ਪ੍ਰਕਾਸ਼ਨ ਵਿੱਚ ਇਸ ਪਰਚੇ ਦੇ ਕਿਸੇ ਹਿੱਸੇ ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਢੁੱਕਵਾਂ ਧੰਨਵਾਦ ਪ੍ਰਗਟਾਉਣਾ ਜ਼ਰੂਰੀ ਹੈ ਅਤੇ ਲੋਗੋ, ਬਰੈਂਡਿੰਗ 'ਤੇ ਚਿੱਤਰ ਹਟਾ ਦਿੱਤੇ ਜਾਣ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।